© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040306
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.06

| DOI | Received Date | Accepted Date | Published Date |
|---|---|---|---|
| 10.64119/armaan.vol.4.issue3.06 | August 07, 2026 | August 31, 2026 | September 05, 2026 |

ਖੋਜ ਪੇਪਰ (Research Article)

# ਬੁਰਜੁਆਜ਼ੀ ਅਤੇ ਪ੍ਰੋਲੇਤਾਰੀ ਸਮਾਜ ਦੇ ਸੰਘਰਸ਼ ਦੀ ਦਾਸਤਾਂ: 'ਨੌ ਮਣ ਲੱਕੜਾਂ'

## Burjuazi ate Proletari Samaj de Sangharsh di Dastaan: 'Nau Man Lakkran'

**ਰਾਣੀ ਦੇਵੀ (Rani Devi)**

ਖੋਜਾਰਥੀ, ਪੰਜਾਬੀ ਵਿਭਾਗ (Research Scholar, Dept. of Punjabi)

ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ (ਹਰਿਆਣਾ)- 136119

ORCID: 0009-0009-1289-4690

*E-Mail: ranikamboj86955@gmail.com*

***ਸਾਰ (Abstract)***

*ਨਾਵਲ ਆਧੁਨਿਕ ਯੁੱਗ ਦੀ ਇੱਕ ਪ੍ਰਭਾਵਸ਼ਾਲੀ ਸਾਹਿਤਕ ਵਿਧਾ ਹੈ, ਜੋ ਮਨੁੱਖੀ ਜੀਵਨ ਦੀਆਂ ਜਟਿਲਤਾਵਾਂ, ਸਮਾਜਿਕ ਯਥਾਰਥ ਅਤੇ ਵਰਗੀ ਸੰਘਰਸ਼ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦੀ ਹੈ। ਇਹ ਖੋਜ-ਪੱਤਰ ਰਜਿੰਦਰ ਬਿਬਰਾ ਦੇ ਨਾਵਲ 'ਨੌਂ ਮਣ ਲੱਕੜਾਂ' ਦਾ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿਚਾਰਧਾਰਕ ਪੱਖ ਤੋਂ ਵਿਸ਼ਲੇਸ਼ਣ ਕਰਦਾ ਹੋਇਆ, ਬੁਰਜੁਆਜ਼ੀ ਅਤੇ ਪ੍ਰੋਲੇਤਾਰੀ ਵਰਗ ਵਿਚਕਾਰਲੇ ਪਾੜੇ ਨੂੰ ਉਜਾਗਰ ਕਰਦਾ ਹੈ। ਨਾਵਲ ਵਿਚ ਖ਼ਾਸ ਤੌਰ 'ਤੇ ਕਾਮੇ ਵਰਗ ਦੇ ਜੀਵਨ-ਸੰਘਰਸ਼, ਪੂੰਜੀਵਾਦੀ ਸ਼ੋਸ਼ਣ, ਇਸਤਰੀ ਉੱਤੇ ਹੋਣ ਵਾਲੇ ਜਿਨਸੀ ਅਤੇ ਸਮਾਜਿਕ ਅੱਤਿਆਚਾਰ, ਰਾਜਨੀਤਿਕ ਭ੍ਰਿਸ਼ਟਾਚਾਰ ਅਤੇ ਆਰਥਿਕ ਅਸਮਾਨਤਾ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਕੰਮੋ, ਆਤਮ, ਬਚਨ ਸਿੰਘ, ਕਲਿਆਣੀ ਅਤੇ ਮੋਰਗਨ ਵਰਗੇ ਪਾਤਰ ਸਮਾਜਿਕ ਬਦਲਾਅ ਅਤੇ ਸ਼ੋਸ਼ਿਤ ਵਰਗ ਦੀ ਮੁਕਤੀ ਦੇ ਪ੍ਰਤੀਕ ਵਜੋਂ ਉਭਰਦੇ ਹਨ। ਕੰਮੋ ਦਾ ਜੀਵਨ ਇਸਤਰੀ ਸ਼ੋਸ਼ਣ ਦੀ ਤ੍ਰਾਸਦੀ ਨੂੰ ਰੂਪਮਾਨ ਕਰਦਾ ਹੈ, ਜਦਕਿ ਆਤਮ ਅਤੇ ਬਚਨ ਸਿੰਘ ਮਜ਼ਦੂਰ ਵਰਗ ਦੀ ਚੇਤਨਾ ਅਤੇ ਇਨਕਲਾਬੀ ਸੰਘਰਸ਼ ਦੇ ਪ੍ਰਤੀਨਿਧੀ ਹਨ। ਨਾਵਲ ਭਾਰਤ ਦੀ ਆਜ਼ਾਦੀ, ਦੇਸ਼-ਵੰਡ, ਰਾਜਨੀਤਿਕ ਸੱਤਾ ਦੀਆਂ ਵਿਰੋਧਾਭਾਸੀ ਨੀਤੀਆਂ, ਅਫ਼ਸਰਸ਼ਾਹੀ ਦੀ ਭ੍ਰਿਸ਼ਟਤਾ ਅਤੇ ਮਜ਼ਦੂਰਾਂ ਦੀ ਤ੍ਰਾਸਦਿਕ ਸਥਿਤੀ ਦਾ ਯਥਾਰਥਵਾਦੀ ਚਿੱਤਰਣ ਕਰਦਾ ਹੈ। ਇਸ ਦੇ ਨਾਲ ਹੀ ਨਾਵਲ ਦਾ ਕੈਨਵਸ ਰਾਸ਼ਟਰੀ ਸੀਮਾਵਾਂ ਤੋਂ ਪਾਰ ਜਾ ਕੇ ਨਸਲਵਾਦ, ਸਾਮਰਾਜਵਾਦ, ਅੰਡਰਵਰਲਡ, ਕਾਲਾਬਾਜ਼ਾਰੀ ਅਤੇ ਵਿਸ਼ਵ ਪੱਧਰੀ ਵਰਗੀ ਸੰਘਰਸ਼ ਨੂੰ ਵੀ ਆਪਣੇ ਬਿਰਤਾਂਤ ਅੰਦਰ ਸਮੇਟਦਾ ਹੈ। ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਰਚਿਆ ਗਿਆ ਇਹ ਨਾਵਲ ਸਮਾਜਿਕ ਬਰਾਬਰੀ, ਮਨੁੱਖੀ ਮਰਿਆਦਾ ਅਤੇ ਨਿਆਂ-ਪੂਰਨ ਵਿਵਸਥਾ ਦੀ ਸਥਾਪਨਾ ਦਾ ਸੰਦੇਸ਼ ਦਿੰਦਾ ਹੈ। ਇਹ ਨਾਵਲ ਪੰਜਾਬੀ ਨਾਵਲ ਪਰੰਪਰਾ ਵਿਚ ਇੱਕ ਵਿਸ਼ਾਲ ਕੈਨਵਸ ਵਾਲੀ ਸਮਾਜਿਕ ਯਥਾਰਥਵਾਦੀ ਰਚਨਾ ਵਜੋਂ ਸਥਾਪਿਤ ਹੁੰਦਾ ਹੈ, ਜੋ ਸਮਕਾਲੀ ਸਮਾਜ ਦੇ ਬਹੁਪੱਖੀ ਸੰਕਟਾਂ ਅਤੇ ਉਨ੍ਹਾਂ ਦੇ ਸੰਭਾਵੀ ਹੱਲਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ।*

***ਮੁੱਖ-ਸ਼ਬਦ (Keywords)***

*ਸਮਾਜਿਕ, ਰਾਜਨੀਤਿਕ, ਆਰਥਿਕ, ਅਫ਼ਸਰਸ਼ਾਹੀ, ਭ੍ਰਿਸ਼ਟਾਚਾਰ, ਸਾਮਰਾਜਵਾਦ, ਯਥਾਰਥਵਾਦ, ਪੂੰਜੀਵਾਦ, ਕਾਲਾਬਾਜ਼ਾਰੀ।*

ਨਾਵਲ ਆਧੁਨਿਕ ਯੁੱਗ ਦੀ ਸਭ ਤੋਂ ਪ੍ਰਮੁੱਖ ਅਤੇ ਪ੍ਰਭਾਵਸ਼ਾਲੀ ਸਾਹਿਤਕ ਵਿਧਾ ਹੈ ਜਿਹੜੀ ਮਨੁੱਖੀ ਜੀਵਨ ਦੀ ਜਟਿਲ ਅਤੇ ਵਿਸ਼ਾਲ ਸਮਾਜਿਕ ਸੰਰਚਨਾ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਦੀ ਹੈ। ਨਾਵਲ ਭਾਵੇਂ ਗਲਪਮਈ ਸਾਹਿਤਕ ਵਿਧਾ ਹੈ ਪਰ ਇਹ ਯਥਾਰਥ ਤੋਂ ਵੱਖ ਨਹੀਂ ਹੁੰਦੀ। ਇਸ ਵਿੱਚ ਕਲਪਨਾ ਅਤੇ ਯਥਾਰਥ ਦਾ ਅਜਿਹਾ ਸੁਮੇਲ ਹੁੰਦਾ ਹੈ ਜਿਹੜਾ ਜੀਵਨ ਦੀ ਗੁੰਝਲਤਾ ਨੂੰ ਕਲਾਤਮਕ ਅਤੇ ਸੁਹਜਾਤਮਕ ਰੂਪ ਵਿਚ ਪ੍ਰਗਟ ਕਰਦਾ ਹੈ। ਫ਼ਲਸਰੂਪ ਨਾਵਲ ਹੋਰਨਾਂ ਆਧੁਨਿਕ ਸਾਹਿਤ ਰੂਪਾਂ ਵਿਚੋਂ ਵੱਡ-ਅਕਾਰੀ, ਵਿਲੱਖਣ, ਬਹੁ-ਸੰਭਾਵੀ ਅਤੇ ਯਥਾਰਥ-ਧਰਮੀ ਵਿਧਾ ਹੋ ਨਿੱਬੜਦੀ ਹੈ ਜਿਹੜੀ ਮਨੁੱਖੀ ਜੀਵਨ ਦਾ ਵਿਸਤ੍ਰਿਤ ਬਿੰਬ ਪੇਸ਼ ਕਰਨ ਦੀ ਸਮਰੱਥਾ ਰੱਖਦੀ ਹੈ।

ਨਾਵਲ ਬਹੁ-ਪਸਾਰੀ, ਬਹੁ-ਪਰਤੀ ਅਤੇ ਯਥਾਰਥ-ਧਰਮੀ ਬਿਰਤਾਂਤਕ ਰੂਪਾਕਾਰ ਹੈ ਜਿਸ ਨੂੰ ਆਧੁਨਿਕ ਯੁੱਗ ਦਾ ਬਿਰਤਾਂਤ ਕਿਹਾ ਜਾਂਦਾ ਹੈ। ਇਹ ਅਜਿਹਾ ਗਲਪੀ ਪ੍ਰਵਚਨ ਹੈ ਜਿਹੜਾ ਆਧੁਨਿਕ ਯੁੱਗ ਦੀ ਸੰਵੇਦਨਾ ਨੂੰ ਬਿਰਤਾਂਤਕ ਪ੍ਰਗਟਾਅ ਸ਼ੈਲੀ ਰਾਹੀਂ ਪੇਸ਼ ਕਰਦਾ ਹੈ। ਨਾਵਲ ਵਸਤੂ ਯਥਾਰਥ ਨੂੰ ਪਾਠਗਤ ਜੁਗਤਾਂ ਰਾਹੀਂ

ਸਿਰਜਦਾ ਹੈ ਕਿਉਂਕਿ ਵਸਤੂ ਯਥਾਰਥ ਵਾਲੀਆਂ ਘਟਨਾਵਾਂ ਨਾਵਲੀ-ਪਾਠ ਅੰਦਰ ਕਾਰਜ ਦਾ ਸਰੂਪ ਧਾਰਨ ਕਰ ਲੈਂਦੀਆਂ ਹਨ। ਭਾਵੇਂ ਅਜਿਹੇ ਵੱਡ-ਆਕਾਰੀ, ਬਹੁ-ਪਸਾਰੀ, ਬਹੁ-ਪਰਤੀ, ਗੁੰਝਲਦਾਰ ਅਤੇ ਯਥਾਰਥ-ਧਰਮੀ ਰੂਪਾਕਾਰ ਨੂੰ ਕਿਸੇ ਇੱਕ ਪਰਿਭਾਸ਼ਾ ਵਿਚ ਬੰਨ੍ਹਣਾ ਕਠਿਨ ਹੈ ਪਰ ਵੱਖ-ਵੱਖ ਵਿਦਵਾਨਾਂ ਦੁਆਰਾ ਇਸ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ।

ਅੰਗ੍ਰੇਜ਼ੀ ਈ. ਐੱਮ. ਫਾਰਸਟਰ ਨਾਵਲ ਦੀ ਪਰਿਭਾਸ਼ਾ ਇਸ ਦੇ ਆਕਾਰ ਦੇ ਪੱਖ ਤੋਂ ਕਰਦੇ ਹੋਏ ਆਖਦੇ ਹਨ,

> *ਨਾਵਲ ਇੱਕ ਵੱਡੇ ਆਕਾਰ ਦੀ ਗੱਦ ਵਿਚ ਰਚੀ ਗਈ ਗਲਪ ਰਚਨਾ ਹੈ....ਨਾਵਲ ਘੱਟੋ-ਘੱਟ ਪੰਜਾਹ ਹਜ਼ਾਰ ਸ਼ਬਦਾਂ ਦਾ ਹੋਣਾ ਚਾਹੀਦਾ ਹੈ।*[1]

ਪੰਜਾਬੀ ਨਾਵਲ ਚਿੰਤਕ ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ,

> *ਵਿਧਾ ਦੇ ਜ਼ਾਵੀਏ ਤੋਂ ਨਾਵਲ ਇੱਕ ਲੰਮੀ ਗੱਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤਰਨ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਥੀਮ-ਸਿਰਜਣ ਤੇ ਰੂਪਨ ਪ੍ਰਤਿਰੂਪਨ ਦੀਆਂ ਵਿਵਿਧ ਸੰਭਾਵਨਾਵਾਂ ਕਰਕੇ ਇਹ ਬੇਸ਼ੱਕ ਇੱਕ ਖੁੱਲ੍ਹਾ ਰੂਪ ਹੈ। ਮਿਥਕ ਤੋਂ ਯਥਾਰਥਕ ਤਕ ਤੇ ਯਥਾਰਥਕ ਤੋਂ ਫ਼ੰਤਾਸੀ ਤੱਕ ਦੀਆਂ ਜੁਗਤਾਂ ਇਸ ਵਿਚ ਅਨੇਕ ਰੂਪ ਲੈਂਦੀਆਂ ਹਨ। ਪਰ ਪਾਤਰਾਵਲੀ, ਕਾਰਜ ਅਤੇ ਵਾਰਤਾਲਾਪ ਆਦਿ ਵਿਚ ਜ਼ਿੰਦਗੀ ਦੀ ਵਾਸਤਵਿਕਤਾ ਨਾਲ ਮੇਲ ਖਾਂਦੇ ਹਵਾਲੇ ਜਿਵੇਂ ਵਿਚ ਉੱਭਰਦੇ ਹਨ, ਤਿਵੇਂ ਸਾਹਿਤ ਦੇ ਕਿਸੇ ਹੋਰ ਰੂਪ ਵਿਚ ਨਹੀਂ ਉੱਭਰਦੇ, ਖ਼ਾਸ ਕਰ ਪਾਤਰਾਂ ਦੀ ਉਚਾਰਨੀ ਭਾਸ਼ਾ ਦੇ ਰੂਪ ਵਿਚ। ਕਲਪਨਾ ਦੀ ਰਚਨਾ ਹੋਣ ਕਰਕੇ ਸਾਹਿਤ ਦੇ ਹੋਰ ਤਮਾਮ ਰੂਪਾਂ ਵਾਂਗ ਨਾਵਲ ਵੀ ਇੱਕ ਗਾਲਪਨਿਕ ਵਸਤੂ ਹੈ।* [2]

ਪੰਜਾਬੀ ਨਾਵਲ ਆਪਣੀ ਵਿਕਾਸ ਪੰਰਪਰਾ ਅਧੀਨ ਵੱਖ-ਵੱਖ ਪ੍ਰਵਿਰਤੀਆਂ ਨੂੰ ਗ੍ਰਹਿਣ ਕਰਦਾ ਹੋਇਆ ਸਮਕਾਲੀ ਸਮਾਜਿਕ ਜਟਿਲਤਾ ਅਤੇ ਵਿਭਿੰਨਤਾ ਨੂੰ ਨਵੀਨ ਵਸਤੂ, ਵਿਧੀ ਅਤੇ ਦ੍ਰਿਸ਼ਟੀ ਰਾਹੀਂ ਸਿਰਜਦਾ ਹੈ। ਅਜਿਹਾ ਸਮਕਾਲੀ ਨਾਵਲਕਾਰ ਰਾਜਿੰਦਰ ਬਿਬਰਾ ਜਿਸ ਨੇ ਪੰਜਾਬੀ ਨਾਵਲ ਦਾ ਘੇਰਾ ਸੂਖ਼ਮ ਤੋਂ ਸਥੂਲ ਸਰੋਕਾਰਾਂ ਨਾਲ ਜੋੜਿਆ ਹੈ। ਉਸ ਦਾ ਨਾਵਲ 'ਨੌਂ ਮਣ ਲੱਕੜਾਂ' ਕਾਮੇ ਵਰਗ ਦੇ ਜੀਵਨ ਸੰਘਰਸ਼ ਨਾਲ ਸੰਬੰਧਿਤ ਹੈ ਜਿਹੜਾ ਨਿਮਨ ਸਮਾਜ ਨਾਲ ਸੰਬੰਧਿਤ ਕਾਮੇ ਵਰਗ ਦੇ ਸੰਘਰਸ਼ ਅਤੇ ਦੁਖਾਂਤ ਦਾਸਤਾਂ ਨੂੰ ਰੂਪਮਾਨ ਕਰਦਾ ਹੈ। ਨਾਵਲ ਦਾ ਮੁੱਖ ਪਾਤਰ ਆਤਮ ਗ਼ਰੀਬੀ ਦੀ ਜਹਾਲਤ ਵਿੱਚ ਘਿਰੀ ਕੰਮੋ ਨਾਲ ਪੂੰਜੀਪਤੀ ਹੁਕਮ ਚੰਦ ਦੁਆਰਾ ਕੀਤੇ ਜਿਨਸੀ ਸ਼ੋਸ਼ਣ ਦੇ ਨਤੀਜੇ ਵਜੋਂ ਜਨਮ ਲੈਂਦਾ ਹੈ। ਹੁਕਮ ਚੰਦ ਕੰਮੋ ਨਾਲ ਉਸ ਦੀ ਮਾਂ ਦੇ ਮਰੇ ਸਰੀਰ ਨੂੰ ਲਾਂਬੂ ਲਾਉਣ ਲਈ ਨੌਂ ਮਣ ਲੱਕੜਾਂ ਦਾ ਮੁੱਲ ਉਸ ਦਾ ਜਿਨਸੀ ਸ਼ੋਸ਼ਣ ਕਰਕੇ ਲੈਂਦਾ ਹੈ। ਕੰਮੋ ਇੱਕ ਗ਼ਰੀਬ ਘਰ ਦੀ ਸੋਹਣੀ ਕੁੜੀ ਹੈ। ਜਿਸ ਦੀ ਮਾਂ ਬਿਮਾਰੀ ਕਾਰਨ ਮਰ ਜਾਂਦੀ ਹੈ ਅਤੇ ਉਹ ਆਪਣੀ ਮਾਂ ਦੀ ਚਿਖਾ ਨੂੰ ਅੱਗ ਦੇਣ ਲਈ ਲੱਕੜੀਆਂ ਦਾ ਇੰਤਜ਼ਾਮ ਕਰਦੀ ਹੋਈ ਲਾਲਾ ਹੁਕਮ ਚੰਦ ਦੀ ਕਾਮ-ਅੱਗ ਦਾ ਸ਼ਿਕਾਰ ਹੁੰਦੀ ਹੈ। ਸਮਾਜਿਕ ਤੌਰ 'ਤੇ ਆਤਮ ਹੁਕਮ ਚੰਦ ਦੇ ਪੁੱਤਰ ਮੋਤੀ ਦਾ ਪੁੱਤਰ ਹੈ। ਕੰਮੋ ਆਤਮ ਨੂੰ ਨਫ਼ਰਤ ਕਰਦੀ ਹੈ ਅਤੇ ਉਸ ਦੀ ਪਰਵਰਿਸ਼ ਹੁਕਮ ਚੰਦ ਨੂੰ ਮਾਰਨ ਲਈ ਨਫ਼ਰਤਨੁਮਾ ਮਾਹੌਲ ਵਿਚ ਹੀ ਕਰਦੀ ਹੈ। ਜਿਸ ਕਾਰਨ ਆਤਮ ਜ਼ਿੰਦਗੀ ਭਰ ਨਫ਼ਰਤ ਦਾ ਪੁੰਜ ਬਣਿਆ ਰਹਿੰਦਾ ਹੈ। ਇਹ ਨਾਵਲ ਸਮਾਜਿਕ ਪੱਖ ਤੋਂ ਗ਼ਰੀਬ ਕਾਮੇ ਵਰਗ 'ਤੇ ਉੱਚ ਵਰਗ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਕਾਮੇ ਵਰਗ ਨੂੰ ਜ਼ੁਲਮਾਂ ਤੋਂ ਨਿਜਾਤ ਪਾਉਣ ਲਈ ਨਵੀਨ ਮਾਡਲ ਪੇਸ਼ ਕਰਦਾ ਹੈ।

ਨਾਵਲੀ ਬਿਰਤਾਂਤ ਅੰਦਰ ਆਤਮ, ਬਚਨ ਅਤੇ ਮੋਰਗਨ ਕਾਮਿਆਂ ਦੇ ਆਗੂ ਬਣ ਕੇ ਉੱਭਰਦੇ ਹਨ। ਗ਼ਰੀਬ ਕਾਮੇ ਰੋਟੀ, ਕੱਪੜਾ ਅਤੇ ਮਕਾਨ ਦੀ ਸਹੂਲਤ ਲਈ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦੇ ਹਨ। ਉਹ ਝੁੱਗੀਆਂ, ਝੋਪੜੀਆਂ ਵਿਚ ਰਹਿੰਦਿਆਂ ਆਪਣਾ ਜੀਵਨ ਕੱਟਦੇ ਹਨ ਜਿਸ ਨੂੰ ਮਾਤਲੋਕ ਦਾ ਨਰਕ ਆਖ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਨਾਵਲ ਦਾ ਮੁੱਖ ਪਾਤਰ ਆਤਮ ਗ਼ਰੀਬ ਕਾਮਿਆਂ ਦਾ ਮਸੀਹਾ ਬਣ ਕੇ ਉੱਭਰਦਾ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਬਦਲਣ ਲਈ ਆਪਣੀ ਸੰਪੂਰਨ ਜ਼ਿੰਦਗੀ ਲਗਾ ਦਿੰਦਾ ਹੈ ਅਤੇ ਕਾਫ਼ੀ ਹੱਦ ਤੱਕ ਸਫ਼ਲਤਾ ਵੀ ਪ੍ਰਾਪਤ ਕਰਦਾ ਹੈ। ਜਦੋਂ ਆਤਮ ਹਸਪਤਾਲ ਵਿਚ ਦਿਲ ਦੀ ਬਿਮਾਰੀ ਕਾਰਨ ਦਾਖ਼ਲ ਹੁੰਦਾ ਹੈ ਤਾਂ ਕਾਮਿਆਂ ਦੁਆਰਾ ਆਪਣਾ ਦਿਲ ਆਤਮ ਦੇ ਦਿਲ ਨਾਲ ਬਦਲਣ ਲਈ ਹਸਪਤਾਲ ਨੂੰ ਲਿਖਤੀ ਪੱਤਰ ਸੌਂਪੇ ਜਾਂਦੇ ਹਨ। ਇਸ ਘਟਨਾ ਤੋਂ ਬਾਅਦ ਪਰਮ ਆਤਮ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਉਂਦੀ ਹੋਈ ਸੋਚਦੀ ਹੈ:

> *ਦੇਸ਼ ਦੇ ਕਾਮੇ ਤਾਂ ਉਸ ਦੇ ਨਾਂ ਨੂੰ ਹੀ ਪੂਜਦੇ ਸਨ। ਉਸ ਦੇ ਇੱਕ ਇਸ਼ਾਰੇ 'ਤੇ ਉਦਯੋਗਪਤੀਆਂ ਦੇ ਕਾਰਖ਼ਾਨੇ ਬੰਦ ਹੋ ਜਾਂਦੇ ਸਨ। ਉਸ ਨੂੰ ਕਾਮਿਆਂ ਦਾ ਮਸੀਹਾ ਕਿਹਾ ਜਾਂਦਾ ਸੀ, ਅਤੇ ਇਹ ਸੱਚ ਵੀ ਸੀ। ਕਾਮਿਆਂ ਦੇ ਹਿੱਤਾਂ ਪਿੱਛੇ ਉਸ ਨੇ ਆਪਣੇ ਸਾਰਾ ਸੁਹਾਨਾ ਜੀਵਨ ਕੱਢ ਛੱਡਿਆ ਸੀ ਉਸ ਦੀ ਲਗਾਤਾਰ ਅਗਵਾਈ ਹੇਠ....ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਮਗਰੋਂ, ਕਾਮਿਆਂ ਦੀ ਔਲਾਦ ਨੇ ਸਕੂਲਾਂ, ਕਾਲਜਾਂ ਦੇ ਮੂੰਹ ਵੇਖੇ।* [3]

ਸਮਾਜ ਅੰਦਰਲਾ ਮਜ਼ਦੂਰ ਵਰਗ ਜਿੱਥੇ ਪੂੰਜੀਪਤੀਆਂ ਦੁਆਰਾ ਆਰਥਿਕ ਤੌਰ 'ਤੇ ਸ਼ੋਸ਼ਿਤ ਹੁੰਦਾ ਹੈ, ਉੱਥੇ ਹੀ ਰਾਜਨੀਤਕ ਆਗੂਆਂ ਦੀਆਂ ਚਾਲਾਂ ਦਾ ਵੀ ਸ਼ਿਕਾਰ ਹੁੰਦਾ ਹੈ। ਰਾਜਸੀ ਆਗੂ ਸੱਤਾ ਪ੍ਰਾਪਤੀ ਲਈ ਗ਼ਰੀਬਾਂ ਦੇ ਸੁਪਨਿਆਂ ਨੂੰ ਲਤਾੜ ਕੇ ਆਪਣੇ ਮਹਿਲ ਉਸਾਰ ਰਹੇ ਹਨ। ਰਾਜਸੀ ਆਗੂਆਂ ਲਈ ਮਜ਼ਦੂਰ ਜਮਾਤ ਕੇਵਲ ਇੱਕ ਵੋਟ-ਬੈਂਕ ਹੈ ਜਿਸ ਦਾ ਸਮੇਂ-ਸਮੇਂ ਇਸਤੇਮਾਲ ਕਰਕੇ ਉਹ ਆਪਣਾ ਨਿੱਜੀ ਲਾਭ ਕਮਾਉਂਦੇ ਹਨ। ਸਾਡੇ ਸਮਾਜ ਦੀ ਬਹੁਤ ਵਿਰੋਧਾਭਾਸੀ ਗੱਲ ਜਾਪਦੀ ਹੈ ਕਿ ਆਪਣੇ ਆਪ ਨੂੰ ਗ਼ਰੀਬਾਂ ਦਾ ਮਸੀਹਾ ਅਖਵਾਉਣ ਵਾਲੇ ਨੇਤਾ ਉਨ੍ਹਾਂ ਦੀ ਭਲਾਈ ਦੀਆਂ ਯੋਜਨਾਵਾਂ ਪੰਜ ਸਿਤਾਰੇ ਹੋਟਲਾਂ ਦੇ ਏਅਰ-ਕੰਡੀਸ਼ਨ ਕਮਰਿਆਂ ਵਿਚ ਵਿਦੇਸ਼ੀ ਸ਼ਰਾਬ ਪੀ ਕੇ ਬਣਾਉਂਦੇ ਹਨ। ਪਰ ਆਮ ਜਨਤਾ ਝੌਂਪੜੀਆਂ ਵਿਚ ਨਰਕਨੁਮਾ ਜੀਵਨ ਬਤੀਤ ਕਰ ਰਹੀ ਹੈ। ਇਹ ਸੱਤਾਧਾਰੀਆਂ ਕੋਲ ਫੋਕੇ ਨਾਰਿਆਂ ਤੋਂ ਇਲਾਵਾ ਆਮ ਜਨਤਾ ਨੂੰ ਦੇਣ ਲਈ ਕੁਝ ਨਹੀਂ ਹੈ। ਇਹ ਰਾਜਸੀ ਠੇਕੇਦਾਰ ਮੰਦਰ, ਮਸਜਿਦ, ਗਿਰਜਾਘਰ ਅਤੇ ਗੁਰਦੁਆਰੇ ਤਾਂ ਬਹੁ-ਗਿਣਤੀ ਵਿਚ ਬਣਵਾ ਸਕਦੇ ਹਨ ਪਰ ਗ਼ਰੀਬ ਜਨਤਾ ਲਈ ਸਕੂਲ ਅਤੇ ਹਸਪਤਾਲ ਬਣਾਉਣਾ ਇਨ੍ਹਾਂ ਲਈ ਬਹੁਤ ਕਠਿਨ ਕਾਰਜ ਹੈ।

ਭਾਰਤ ਦੀ ਆਜ਼ਾਦੀ ਸਮੇਂ ਇਨ੍ਹਾਂ ਰਾਜਸੀ ਆਗੂਆਂ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਦੇਸ਼ ਦੇ ਦੋ ਟੁਕੜੇ ਕਰਵਾ ਦਿੱਤੇ ਅਤੇ ਲੱਖਾਂ ਬੇਗੁਨਾਹਾਂ ਦਾ ਕੱਤਲ ਕਰਵਾਇਆ। ਆਜ਼ਾਦੀ ਉਪਰੰਤ ਸੁਨਹਿਰੇ ਭਵਿੱਖ ਦਾ ਸੁਪਨਾ ਢਹਿ ਢੇਰੀ ਹੋ ਗਿਆ। ਆਜ਼ਾਦੀ ਤੋਂ ਬਾਅਦ ਗ਼ਰੀਬਾਂ ਦੀ ਦਸ਼ਾ ਵਿਚ ਕੋਈ ਸੁਧਾਰ ਨਹੀਂ ਆਇਆ ਜਿਸ ਤੋਂ ਨਿਰਾਸ਼ ਹੋਏ ਬਚਨ ਸਿੰਘ ਵਰਗੇ ਇਨਕਲਾਬੀ ਪਾਤਰ ਰਾਜਸੀ ਆਗੂਆਂ 'ਤੇ ਤਿੱਖਾ ਵਿਅੰਗ ਕਰਦਿਆਂ ਆਖਦਾ ਹੈ,

*ਗ਼ਰੀਬਾਂ ਦੀ ਲੋੜ ਕੀ ਏ : ਰੋਟੀ, ਕੱਪੜਾ ਅਤੇ ਮਕਾਨ। ਜੇ ਸਰਕਾਰ ਇਹ ਤਿੰਨੇ ਚੀਜ਼ਾਂ ਨਹੀਂ ਦੇ ਸਕਦੀ ਤਾਂ ਉਸ ਨੂੰ ਦੇਸ਼ 'ਤੇ ਰਾਜ ਕਰਨ ਦਾ ਕੋਈ ਹੱਕ ਨਹੀਂ....ਦੇਸ਼ ਵਾਸੀ ਭੁੱਖੇ ਮਰ ਰਹੇ ਨੇ, ਪਰ ਇਹ ਹਰ ਸ਼ਾਮ ਹਜ਼ਾਰਾਂ, ਲੱਖਾਂ ਰੁਪਏ ਆਪਣੀ ਅੱਯਾਸ਼ੀ ਵਿਚ ਖ਼ਰਚ ਕਰ ਦਿੰਦੇ ਨੇ। ਸੱਤਾ ਪਾਰਟੀ ਦੇ ਨੇਤਾ, ਮੰਤਰੀ ਅਤੇ ਅਫ਼ਸਰ ਸਭ ਇੱਕ-ਮਿੱਕ ਨੇ। ਦੋਵੇਂ ਵਰਗ ਆਪਣੇ ਆਪ ਨੂੰ ਗ਼ਰੀਬਾਂ ਵਿੱਚੋਂ ਅਲਹਿਦਾ ਸਮਝ ਕੇ ਨਵਾਂ ਵਰਗ ਬਣਾ ਕੇ, ਬੇਫ਼ਿਕਰ ਹੋ ਕੇ ਦੇਸ਼ ਨੂੰ ਲੁੱਟਣ ਵਿਚ ਮਸਤ ਹਨ।*[4]

ਭਾਰਤੀ ਸਮਾਜ ਦਾ ਤਾਣਾ-ਬਾਣਾ ਮੁੱਢ ਤੋਂ ਹੀ ਭ੍ਰਿਸ਼ਟਾਚਾਰ ਨਾਲ ਪਰਨਾਇਆ ਹੋਇਆ ਹੈ ਪਰ ਆਧੁਨਿਕ ਸਮੇਂ ਦੌਰਾਨ ਉਹ ਚਰਮ ਸੀਮਾ 'ਤੇ ਪਹੁੰਚ ਚੁੱਕਾ ਹੈ। ਰਾਜਨੀਤਿਕ ਪਾਰਟੀਆਂ, ਪੂੰਜੀਪਤੀ ਅਤੇ ਅਫ਼ਸਰਸ਼ਾਹੀ ਸਭ ਭ੍ਰਿਸ਼ਟਾਚਾਰ ਵਿਚ ਗ਼ਲਤਾਨ ਹਨ। ਆਮ ਗ਼ਰੀਬ ਜਨਤਾ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ। ਜਿੱਥੇ ਗ਼ਰੀਬ ਦੀ ਪੂਰੀ ਜ਼ਿੰਦਗੀ ਰੋਟੀ ਦੀ ਭਾਲ ਦੁਆਲੇ ਘੁੰਮਦੀ ਹੈ, ਉੱਥੇ ਹੀ ਅਮੀਰਾਂ ਲਈ ਭੁੱਖੇ ਰਹਿਣਾ ਮਹਿਜ਼ ਡਾਇਟਿੰਗ ਜਾਂ ਵਜ਼ਨ ਘਟਾਉਣ ਦਾ ਸ਼ੌਕ ਮਾਤਰ ਹੈ। ਮਜ਼ਦੂਰ ਵਰਗ ਸਾਰਾ ਦਿਨ ਅਣਥੱਕ ਮਿਹਨਤ ਕਰ ਕੇ ਸੜਕਾਂ ਦੇ ਕਿਨਾਰਿਆਂ 'ਤੇ ਆਪਣੀ ਨੀਂਦ ਪੂਰੀ ਕਰਦਾ ਹੈ। ਨਾਵਲ ਦੇ ਪਾਤਰ ਆਤਮ, ਬਚਨ, ਕਲਿਆਣੀ, ਉੱਤਮ ਅਤੇ ਮੋਰਗਨ ਆਦਿ ਗ਼ਰੀਬ ਜਨਤਾ ਦੇ ਹਿੱਤਾਂ ਦੀ ਖ਼ਾਤਰ ਆਪਣਾ ਸੰਪੂਰਨ ਜੀਵਨ ਲਗਾ ਦਿੰਦੇ ਹਨ। ਆਤਮ ਜਦੋਂ ਵੱਖ-ਵੱਖ ਪਾਰਟੀਆਂ ਦੇ ਰਾਜਸੀ ਆਗੂਆਂ ਨਾਲ ਇੱਕ ਮੀਟਿੰਗ ਦੌਰਾਨ ਆਪਣੇ ਵਿਚਾਰ ਸਾਂਝੇ ਕਰਦਾ ਹੈ ਤਾਂ ਉਹ ਰਾਜਨੇਤਾ ਅਤੇ ਅਫ਼ਸਰਸ਼ਾਹੀ ਦੇ ਭ੍ਰਿਸ਼ਟ-ਤੰਤਰ ਨੂੰ ਸਮਾਪਤ ਕਰਨ ਲਈ ਆਪਣੇ ਸੁਝਾਅ ਦਿੰਦਾ ਹੈ। ਉਹ ਆਖਦਾ ਹੈ:

*ਕੋਈ ਵੀ ਕਾਮਾ, ਬਾਬੂ ਜਾਂ ਅਧਿਕਾਰੀ ਆਪਣੀ ਤਨਖ਼ਾਹ ਨਾਲ ਸੰਪੱਤੀ, ਕਾਰਖ਼ਾਨੇ, ਹੀਰੇ ਜਵਾਹਰਾਤ, ਲੱਖਾਂ ਕਰੋੜਾਂ ਦੇ ਬੈਂਕ ਖਾਤੇ ਨਹੀਂ ਬਣਾ ਸਕਦਾ। ਭਰਤੀ ਹੋਣ ਵੇਲੇ ਤੋਂ ਬਾਅਦ ਇਨ੍ਹਾਂ ਵੱਲੋਂ ਜਿੰਨੀ ਵੀ ਜਾਇਦਾਦ ਬਣਾਈ ਗਈ ਹੋਵੇ, ਭਾਵੇਂ ਰਿਸ਼ਤੇਦਾਰਾਂ ਜਾਂ ਹੋਰਨਾਂ ਦੇ ਨਾਂ 'ਤੇ ਹੋਵੇ, ਜ਼ਬਤ ਕਰ ਲਈ ਜਾਵੇ ਅਤੇ ਸਲੂਕ ਫਾਂਸੀ ਵਾਲਾ ਹੀ ਕੀਤਾ ਜਾਵੇ। ....ਇਨ੍ਹਾਂ ਨੂੰ ਵੀ ਸਧਾਰਨ ਇਨਸਾਨ ਵਾਂਗ ਜੀਣਾ ਸਿਖਾਉਣਾ ਪਵੇਗਾ। ਗ਼ਰੀਬਾਂ ਨਾਲ ਰਹਿਣ, ਉਨ੍ਹਾਂ ਵਾਂਗ ਖਾਣ, ਉਨ੍ਹਾਂ ਦੇ ਬੱਚਿਆਂ ਵਾਂਗ ਬੱਚੇ ਪੜ੍ਹਾਉਣ।* [5]

ਨਾਵਲ ਦੇ ਕੇਂਦਰ ਵਿਚ ਕੰਮੋਂ ਨਾਂ ਦੀ ਕੁੜੀ ਦਾ ਜੀਵਨ ਹੈ, ਜਿਸ ਦਾ ਪੂੰਜੀਪਤੀ ਲਾਲਾ ਹੁਕਮ ਚੰਦ ਦੁਆਰਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ। ਕੰਮੋ ਵਰਗੀ ਗ਼ਰੀਬ ਕੁੜੀ ਜਿਸ ਨੂੰ ਇੱਕੋ ਸਮੇਂ ਦੋ-ਦੋ ਮਾਰਾਂ ਝੱਲਣੀਆਂ ਪੈਂਦੀਆਂ ਹਨ-ਇੱਕ ਗ਼ਰੀਬੀ ਦੀ ਆਰਥਿਕ ਮਾਰ ਅਤੇ ਦੂਜੀ ਪਿੱਤਰਸਤਾਤਮਕ ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਮੁੱਢ ਤੋਂ ਹੀ ਚਿੰਤਾਜਨਕ ਰਹੀ ਹੈ। ਮਰਦ ਪ੍ਰਧਾਨ ਸਮਾਜ ਅੰਦਰ ਉਸ ਨੂੰ ਕਦੇ ਵੀ ਸਤਿਕਾਰਤ ਸਥਾਨ ਪ੍ਰਾਪਤ ਨਹੀਂ ਹੋਇਆ। ਇਸ ਨਾਵਲ ਦੀ ਮੁੱਖ ਪਾਤਰ ਜਿੱਥੇ ਬਲਾਤਕਾਰ ਦਾ ਸ਼ਿਕਾਰ ਹੁੰਦੀ ਹੈ ਉੱਥੇ ਹੀ ਹੋਰਨਾਂ ਔਰਤ ਪਾਤਰਾਂ ਰਾਹੀਂ ਨਾਵਲੀ ਬਿਰਤਾਂਤ ਇੱਕ ਵਿਲੱਖਣ ਸਰੂਪ ਗ੍ਰਹਿਣ ਕਰਦਾ ਹੈ। ਲਾਲਾ ਹੁਕਮ ਚੰਦ ਵੱਲੋਂ ਜ਼ਬਰਦਸਤੀ ਕਰਨ ਸਮੇਂ ਕੰਮੋ ਫ਼ਰਿਆਦ ਕਰਦੀ ਹੈ ਕਿ,

*"ਸ਼ਾਹ ਤੂੰ ਆਪਣੀ ਕਰਤੂਤ ਤੋਂ ਬਾਜ਼ ਨਹੀਂ ਆਇਆ... ਮੇਰੀ ਮਾਂ ਮਰ ਗਈ ਏ ਤੇ ਤੂੰ ਮੈਨੂੰ ਜਾਨਵਰ ਸਮਝ ਕੇ ਨੋਚਣ ਲੱਗਾ ਏ.... ਮੈਂ ਤੇਰੀ ਧੀ ਹਾਂ.... ਸਾਰੇ ਪਿੰਡ ਦੀ ਧੀ.... ਜੇ ਪਿਉ ਹੀ ਧੀਆਂ ਦੀ ਲਾਜ ਲੁੱਟਣ ਲੱਗ ਪਏ ਤਾਂ ਲਾਜ ਦੀ ਰਾਖੀ ਕੌਣ ਕਰੂ.... ।*[6]

ਜਿੱਥੇ ਆਧੁਨਿਕ ਸਮਾਜ ਅੰਦਰ ਔਰਤਾਂ ਸਿੱਖਿਆ ਪ੍ਰਾਪਤ ਕਰਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੀਆਂ ਹਨ, ਉੱਥੇ ਹੀ ਹੋਰਨਾਂ ਕਮਜ਼ੋਰ ਵਰਗਾਂ ਦੀ ਸਹਾਇਤਾ ਕਰਨ ਲਈ ਤਿਆਰ ਰਹਿੰਦੀਆਂ ਹਨ। ਨਾਵਲ ਦੀਆਂ ਔਰਤ ਪਾਤਰ ਕੰਮੋ, ਕਲਿਆਣੀ, ਸ਼ੀਸਨ, ਹੁਸੈਨਾ ਅਤੇ ਸ਼ਾਹਬਾਨੋ ਆਦਿ ਮਜ਼ਦੂਰ ਵਰਗ ਲਈ ਹਮੇਸ਼ਾ ਸਰਗਰਮ ਰਹਿੰਦੀਆਂ ਹਨ। ਕੰਮੋ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਇੱਕੋ ਸਮੇਂ ਦੇਵੀ ਸਰੂਪ ਅਤੇ ਚਰਿੱਤਰਹੀਣ ਵਜੋਂ ਵੇਖਿਆ ਜਾਂਦਾ ਹੈ। ਨਾਵਲੀ ਬਿਰਤਾਂਤ ਕੰਮੋ ਰਾਹੀਂ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਔਰਤ ਨਾਲ ਸਮਾਜ ਜਿਵੇਂ ਦਾ ਸਲੂਕ ਕਰਦਾ ਹੈ ਉਹ ਓਵੇਂ ਦਾ ਹੀ ਜਵਾਬ ਦਿੰਦੀ ਹੈ। ਜਿੱਥੇ ਉਹ ਹੁਕਮ ਚੰਦ ਵਰਗੇ ਬਲਾਤਕਾਰੀ ਦਾ ਕਤਲ ਕਰਦੀ ਹੈ ਉੱਥੇ ਹੀ ਆਮ ਪਿੰਡ-ਵਾਸੀਆਂ ਦੀ ਸਹਾਇਤਾ ਕਰਦੀ ਹੈ। ਉਹ ਹੁਕਮ ਚੰਦ ਦੀ ਨੂੰਹ ਬਣਨ ਉਪਰੰਤ ਲਾਲੇ ਵੱਲੋਂ ਗ਼ਰੀਬ ਕਿਸਾਨਾਂ ਦੀ ਜਿਹੜੀਆਂ ਜ਼ਮੀਨਾਂ ਹੜਪ ਕੀਤੀਆਂ ਗਈਆਂ ਸਨ, ਉਨ੍ਹਾਂ ਦੇ ਅਸਲ ਵਾਰਸਾਂ ਨੂੰ ਵਾਪਸ ਕਰ ਦਿੰਦੀ ਹੈ ਅਤੇ ਬਾਕੀ ਬਚੀਆਂ ਜ਼ਮੀਨਾਂ ਉਹ ਕਾਮਿਆਂ ਨੂੰ ਸੌਂਪ ਦਿੰਦੀ ਹੈ। ਦੂਜੇ ਪਾਸੇ ਕਲਿਆਣੀ ਵਰਗੀ ਪੜ੍ਹੀ-ਲਿਖੀ ਔਰਤ ਆਪਣਾ ਸਮੁੱਚਾ ਜੀਵਨ ਮਜ਼ਦੂਰ ਲੋਕਾਂ ਦਾ ਜੀਵਨ ਸੁਧਾਰਨ ਲਈ ਨਿਛਾਵਰ ਕਰ ਦਿੰਦੀ ਹੈ। ਉਸ ਨੇ ਐਸ਼ੋ-ਅਰਾਮ ਦੀ ਜ਼ਿੰਦਗੀ ਨੂੰ ਤਿਆਗ ਕੇ ਮਜ਼ਦੂਰਾਂ ਨਾਲ ਮਜ਼ਦੂਰਾਂ ਵਾਂਗ ਰਹਿਣਾ ਆਰੰਭ ਕੀਤਾ। ਕਲਿਆਣੀ ਨਾਂ ਦਾ ਪਾਤਰ ਇਹ ਸਿੱਧ ਕਰਦਾ ਹੈ ਕਿ ਸਿੱਖਿਆ ਦਾ ਅਸਲ ਮਨੋਰਥ ਅਫ਼ਸਰੀ ਠਾਠ-ਬਾਠ ਭੋਗਣਾ ਨਹੀਂ, ਸਗੋਂ ਸ਼ੋਸ਼ਿਤ ਵਰਗ ਦੀ ਬਿਹਤਰੀ ਲਈ ਵੀ ਸੰਘਰਸ਼ ਕਰਨਾ ਹੈ। ਨਾਵਲੀ ਪਾਠ ਔਰਤ ਪਾਤਰਾਂ ਰਾਹੀਂ ਆਧੁਨਿਕ ਨਾਰੀ ਦੀ ਤਸਵੀਰ ਪੇਸ਼ ਕਰਦਾ ਹੈ ਜਿਹੜੀ ਆਪਣੀ ਮਾਨਸਿਕ ਦ੍ਰਿੜ੍ਹਤਾ ਨਾਲ ਆਪਣੇ ਲਈ ਤਾਂ ਸੰਘਰਸ਼ ਕਰਦੀ ਹੀ ਹੈ, ਸਗੋਂ ਸ਼ੋਸ਼ਿਤ ਵਰਗ ਨਾਲ ਵੀ ਖੜ੍ਹੀ ਨਜ਼ਰ ਆਉਂਦੀ ਹੈ। ਬਚਨ ਸਿੰਘ ਪਰਮ ਨੂੰ ਦੱਸਦਿਆਂ ਆਖਦਾ ਹੈ:

*ਪੁੱਤ ਕਲਿਆਣੀ ਕੋਲ ਸਿੱਖਿਆ ਦੀਆਂ ਅਨੇਕਾਂ ਡਿੱਗਰੀਆਂ ਸਨ, ਪਰ ਆਮ ਜੀਵਨ ਉਸ ਦਾ ਸੁੰਨਾ ਸੀ।....ਅਮਰੀਕਾ ਦੀ ਪੀ. ਐੱਚ. ਡੀ. ਸੀ।....ਸੰਗੀਤ, ਮਾਰਸ਼ਲ ਆਰਟ, ਵੇਦ, ਪੁਰਾਣ, ਬੋਧ ਧਰਮ ਦਾ ਪਾਲੀ ਭਾਸ਼ਾ ਵਿੱਚ ਅਧਿਐਨ।....ਬੰਗਾਲ ਸਰਕਾਰ ਨੇ ਉਸ ਨੂੰ ਸਿੱਖਿਆ ਵਿਭਾਗ ਵਿਚ ਜ਼ਿਲ੍ਹਾ ਇੰਸਪੈਕਟਰ ਦੀ ਆਸਾਮੀ 'ਤੇ ਸਿੱਧਾ ਹੀ ਰੱਖ ਲਿਆ।.... ਇਲਾਕੇ ਦੇ ਝੁੱਗੀ-ਝੌਂਪੜੀ, ਟਪਰੀ ਵਾਸੀਆਂ ਨੂੰ ਨਾਂ-ਮਾਤਰ ਕੀਮਤ 'ਤੇ ਆਸਾਨ ਕਿਸ਼ਤਾਂ ਵਿਚ ਕਮਰੇ ਅਲਾਟ ਕਰ ਦਿੱਤੇ। ਉਨ੍ਹਾਂ ਨਾਲ ਆਈ ਰਕਮ ਨਾਲ ਇੱਕ ਸਕੂਲ ਅਤੇ ਛੋਟਾ ਹਸਪਤਾਲ ਖੁੱਲ੍ਹਵਾਂ ਦਿੱਤਾ।....ਇਨ੍ਹਾਂ ਇਮਾਰਤਾਂ ਦੇ ਇੱਕ ਕਮਰੇ ਦੇ ਫਲੈਟ ਵਿਚ ਕਲਿਆਣੀ ਖ਼ੁਦ ਬਾਕੀਆਂ ਵਾਂਗ ਰਹਿਣ ਲੱਗਦੀ ਹੈ।* [7]

ਨਾਵਲ ਅੰਦਰ ਭਾਰਤ ਦੀ ਆਜ਼ਾਦੀ ਤੋਂ ਕਾਮਿਆਂ ਦੀ ਜ਼ਿੰਦਗੀ ਲਈ ਸੰਘਰਸ਼ ਕਰਦੇ ਕ੍ਰਾਂਤੀਕਾਰੀਆਂ ਦਾ ਸਮੁੱਚਾ ਬਿਰਤਾਂਤ ਸਿਰਜਿਆ ਗਿਆ ਹੈ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਦੀ ਆਹੂਤੀ ਦੇ ਦਿੱਤੀ। ਜਦੋਂ ਭਾਰਤੀ ਫ਼ੌਜਾਂ ਆਜ਼ਾਦ ਹਿੰਦ ਫ਼ੌਜ ਦੇ ਝੰਡੇ ਹੇਠ ਲੜ ਰਹੀਆਂ ਸਨ ਤਾਂ ਰਾਜਸੀ ਆਗੂ ਆਪਣੇ ਮਤਲਬ ਦੀ ਸਿੱਧੀ ਲਈ ਆਪਣਾ ਜ਼ਮੀਰ ਵੇਚ ਚੁੱਕੇ ਸਨ। ਭਾਰਤੀ ਆਜ਼ਾਦ ਹਿੰਦ ਫ਼ੌਜ ਦੇ ਖ਼ਿਲਾਫ਼ ਲੜਨ ਲਈ ਉਸ ਸਮੇਂ ਦੇਸ਼ ਦੇ ਵਪਾਰੀ, ਉਦਯੋਗਪਤੀ, ਪੂੰਜੀਪਤੀ

ਫ਼ਰੰਗੀਆਂ ਨੂੰ ਰਸਦ-ਪਾਣੀ, ਅਸਲਾ ਅਤੇ ਕੱਪੜਾ ਆਦਿ ਲੜਾਈ ਲਈ ਸਪਲਾਈ ਕਰ ਰਹੇ ਸਨ। ਨਾਵਲ ਦਾ ਪਾਤਰ ਬਚਨ ਸਿੰਘ ਦੇਸ਼ ਦੀ ਆਜ਼ਾਦੀ ਸਮੇਂ ਦਾ ਪ੍ਰਮੁੱਖ ਕ੍ਰਾਂਤੀਕਾਰੀ ਯੋਧਾ ਸੀ ਜਿਸ ਨੂੰ ਪੰਜਾਬੀ ਬਾਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਜ਼ਾਦੀ ਸਮੇਂ ਡਾ. ਦੱਤਾ, ਪ੍ਰਹਿਲਾਦ ਅਤੇ ਬਚਨ ਸਿੰਘ ਵਰਗੇ ਨੌਜਵਾਨ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਅੰਗਰੇਜ਼ਾਂ ਖ਼ਿਲਾਫ਼ ਲੜ ਰਹੇ ਸਨ ਪਰ ਆਜ਼ਾਦੀ ਉਪਰੰਤ ਇਨ੍ਹਾਂ ਨੂੰ ਦੇਸ਼ ਧ੍ਰੋਹੀ ਦਾ ਦਰਜਾ ਦਿੱਤਾ ਗਿਆ ਅਤੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਇਹ ਸਥਿਤੀ ਦਰਸਾਉਂਦੀ ਹੈ ਕਿ ਸੱਤਾ ਬਦਲਣ ਨਾਲ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੂੰ ਅਣਗੌਲਿਆ ਕਰ ਦਿੱਤਾ ਗਿਆ। ਬਚਨ ਸਿੰਘ ਪਰਮ ਨੂੰ ਦੱਸਦਾ ਹੈ:

> *ਮੈਨੂੰ ਕਈ ਵਾਰ ਦੇਸ਼-ਧ੍ਰੋਹੀ ਕਹਿ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਕੋਈ ਦੋਸ਼ ਨਹੀਂ, ਕੋਈ ਮੁਕੱਦਮਾ ਨਹੀਂ, ਪਰ ਛੇ-ਛੇ ਮਹੀਨੇ ਮੈਨੂੰ ਜੇਲ੍ਹ ਦੇ ਅੰਦਰ ਰੱਖਿਆ ਮੇਰਾ ਕਸੂਰ ਸੀ ਕਿ ਮੈਂ ਗ਼ਰੀਬਾਂ ਨੂੰ ਮਜ਼ਦੂਰ ਬਣਾ ਕੇ ਉਨ੍ਹਾਂ ਲਈ ਰੋਟੀ, ਕੱਪੜਾ ਅਤੇ ਮਕਾਨ ਦਾ ਪ੍ਰਬੰਧ ਕਰ ਰਿਹਾ ਸੀ।....ਮੈਂ ਆਪਣੇ ਦੇਸ਼ ਵਿਚ ਗੋਲੀ ਰਾਜ ਦੀ ਬਜਾਏ, ਗ਼ਰੀਬ ਮਜ਼ਦੂਰ ਰਾਜ ਚਾਹੁੰਦਾ ਸੀ। ਇਸ ਲਈ ਮੈਂ ਇਸੇ ਲਕਸ਼ ਦੇ ਪਿੱਛੇ ਜੁੱਟਿਆ ਆਪਣੀ ਚਾਲ ਚੱਲ ਰਿਹਾ ਸੀ।* [8]

ਨਾਵਲ ਵਿੱਚਲੇ ਪਾਤਰ ਬਚਨ, ਆਤਮ, ਮੋਰਗਨ, ਕੰਮੋ, ਸ਼ੀਸਨ, ਕਲਿਆਣੀ ਅਤੇ ਉੱਤਮ ਸਾਂਝੇ ਉਦੇਸ਼ ਨੂੰ ਮਿੱਥ ਕੇ ਸਮਾਜ ਅਤੇ ਦੱਬੇ-ਕੁਚਲੇ ਮਜ਼ਦੂਰ ਵਰਗ ਲਈ ਸੰਘਰਸ਼ ਕਰ ਰਹੇ ਸਨ। ਜਿੱਥੇ ਕਲਿਆਣੀ ਸਿੱਖਿਆ ਰਾਹੀਂ ਗ਼ਰੀਬਾਂ ਵਿੱਚ ਕ੍ਰਾਂਤੀ ਲਿਆਉਣ ਲਈ ਯਤਨਸ਼ੀਲ ਹੈ ਉੱਥੇ ਆਤਮ ਵਿਦਰੋਹੀ ਸੁਰ ਵਿੱਚ ਕਾਮਿਆਂ ਲਈ ਜਾਗਰੂਕਤਾ ਪੈਦਾ ਕਰਨ ਲਈ ਲੱਗਿਆ ਹੈ। ਕਲਿਆਣੀ ਦਾ ਪਤੀ ਉੱਤਮ ਹਥਿਆਰਬੰਦ ਕ੍ਰਾਂਤੀ ਰਾਹੀਂ ਫ਼ਿਰੰਗੀਆਂ 'ਤੇ ਕਹਿਰ ਵਰਸਾਉਂਦਾ ਹੈ ਅਤੇ ਆਪਣੀ ਵਕਾਲਤ ਰਾਹੀਂ ਗ਼ਰੀਬਾਂ ਨੂੰ ਝੂਠੇ ਕੇਸਾਂ ਵਿੱਚੋਂ ਰਿਹਾ ਕਰਵਾਉਂਦਾ ਹੈ। ਇਹ ਕ੍ਰਾਂਤੀਕਾਰੀ ਪਾਤਰ ਸਾਡੇ ਦੇਸ਼-ਭਗਤ ਯੋਧਿਆਂ ਦੀ ਯਾਦ ਦਵਾਉਂਦੇ ਹਨ ਜਿਨ੍ਹਾਂ ਨੇ ਭਾਰਤ ਦੇਸ਼ ਲਈ ਆਪਣੀਆਂ ਜਾਨਾਂ ਨੂੰ ਕੁਰਬਾਨ ਕਰ ਦਿੱਤਾ ਪਰ ਇਤਿਹਾਸ ਦੇ ਕਾਗ਼ਜਾਂ 'ਤੇ ਉਨ੍ਹਾਂ ਦਾ ਕੋਈ ਨਾਂ ਤੱਕ ਨਹੀਂ ਜਾਣਦਾ। ਸੱਤਾ ਦੇ ਵਪਾਰੀ ਵਰਗ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਅਨੇਕਾਂ ਭਾਰਤੀ ਨੌਜਵਾਨਾਂ ਦੀਆਂ ਜਾਨਾਂ ਦੇ ਸੌਦੇ ਕੀਤੇ। ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਇਹ ਕ੍ਰਾਂਤੀ ਨਿਰੰਤਰ ਜਾਰੀ ਹੈ ਜਿਹੜੀ ਆਜ਼ਾਦੀ ਉਪਰੰਤ ਨਕਸਲਬਾੜੀ ਲਹਿਰ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ। ਆਜ਼ਾਦੀ ਤੋਂ ਬਾਅਦ ਵੀ ਜਦੋਂ ਆਰਥਿਕ ਤੇ ਸਮਾਜਿਕ ਨਾ-ਬਰਾਬਰੀ ਖ਼ਤਮ ਨਾ ਹੋਈ, ਤਾਂ ਲੋਕ-ਸੰਘਰਸ਼ ਨੇ ਇੱਕ ਨਵੇਂ ਵਿਦਰੋਹ ਦਾ ਰੂਪ ਧਾਰਨ ਕਰ ਲਿਆ। ਇਨ੍ਹਾਂ ਕ੍ਰਾਂਤੀਕਾਰੀਆਂ ਦਾ ਅਥਾਹ ਦੇਸ਼-ਪ੍ਰੇਮ ਹੀ ਭਾਰਤੀ ਆਜ਼ਾਦੀ ਦਾ ਅਸਲ ਕਾਰਨ ਹੈ। ਬਚਨ ਸਿੰਘ ਵਰਗੇ ਕਾਮੇ ਕ੍ਰਾਂਤੀਕਾਰੀਆਂ 'ਤੇ ਅੰਗਰੇਜ਼ੀ ਸ਼ਾਸਨ ਵੱਲੋਂ ਅਮਾਨੱਵੀ ਤਸੀਹੇ ਢਾਹੇ ਗਏ। ਬਚਨ ਸਿੰਘ ਦੀ ਸਰੀਰਕ ਹਾਲਤ ਸੰਬੰਧੀ ਪਰਮ ਦੱਸਦੀ ਹੈ:

> *ਉਨ੍ਹਾਂ ਦੀਆਂ ਦੋਵੇਂ ਬਾਂਹਾਂ ਅਰਕਾਂ ਤੋਂ ਲੈ ਕੇ ਉਂਗਲੀਆਂ ਤੱਕ ਫ਼ਰੰਗੀਆਂ ਨੇ ਗਰਮ ਸਲਾਖ਼ਾਂ ਨਾਲ ਸਾੜੀਆਂ ਹੋਈਆਂ ਸਨ। ਮੋਢੇ ਕੂਹਣੀਆਂ ਬਲਕਿ ਜਿਸਮ ਦਾ ਹਰ ਜੋੜ ਸਦਾ ਸੁੱਜਿਆ ਰਹਿੰਦਾ। ਹਰ ਜੋੜ ਪਤਾ ਨਹੀਂ ਕਿਹੜੇ ਕਿਹੜੇ ਜ਼ੁਲਮਾਂ ਦਾ ਸ਼ਿਕਾਰ ਹੋ ਚੁੱਕਿਆ ਸੀ। ਗਿਆਨੀ ਜੀ ਆਪਣੇ ਤਨ ਦਾ ਕੋਈ ਹਿੱਸਾ ਕਦੇ ਨੰਗਾ ਨਾ ਕਰਦੇ। ਪਰ ਮਜਬੂਰੀ ਨਾਲ ਹੱਥ ਨੰਗੇ ਰਹਿਣ ਕਾਰਨ ਨਜ਼ਰ ਆ ਜਾਂਦੇ ਅਤੇ ਹਰ ਵੇਖਣ ਵਾਲਾ ਸਦਾ ਹੀ ਇੱਕੋ ਸਵਾਲ ਕਰਦਾ – ਇਹ ਹੱਥ ਕਿਵੇਂ ਸੜੇ ?* [9]

ਨਾਵਲੀ ਪਾਠ ਵਿਸ਼ਵ ਪੱਧਰ ਦੇ ਵਰਤਾਰੇ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਜਿਸ ਵਿੱਚ ਪੱਛਮੀ ਮੁਲਕਾਂ ਦਾ ਅਫ਼ਰੀਕਾ ਅਤੇ ਭਾਰਤ ਵਰਗੇ ਮੁਲਕਾਂ 'ਤੇ ਕੀਤੇ ਅਥਾਹ ਜ਼ੁਲਮਾਂ ਨੂੰ ਬਿਆਨ ਕੀਤਾ ਗਿਆ ਹੈ, ਜੋ ਕਿ ਸਾਮਰਾਜਵਾਦ ਅਤੇ ਨਸਲਵਾਦ ਦੇ ਕਾਲੇ ਚਿਹਰੇ ਨੂੰ ਨੰਗਾਂ ਕਰਦਾ ਹੈ। ਮੋਰਗਨ ਅਫ਼ਰੀਕੀ ਜ਼ੁਲੂ ਵੰਸ਼ ਦੇ ਕਬੀਲੇ ਨਾਲ ਸੰਬੰਧਿਤ ਸੀ ਜਿਸ ਦੇ ਲੋਕ ਦੂਜੇ ਕਬੀਲਿਆਂ ਨਾਲੋਂ ਵਧੇਰੇ ਤੰਦਰੁਸਤ ਅਤੇ ਤਕੜੇ ਸਨ। ਅਮਰੀਕੀਆਂ ਦੁਆਰਾ ਇਨ੍ਹਾਂ ਨੂੰ ਗ਼ੁਲਾਮ ਬਣਾ ਕੇ ਰੱਖਿਆ ਗਿਆ ਅਤੇ ਅਨੇਕਾਂ ਸਰੀਰਕ ਤਸੀਹੇ ਦਿੱਤੇ ਗਏ। ਮੋਰਗਨ ਅਮਰੀਕਾ ਦੇ ਇਸ ਨਸਲੀ ਵਤੀਰੇ ਤੋਂ ਨਫ਼ਰਤ ਕਰਦਾ ਸੀ ਜਿਸ ਦੇ ਫ਼ਲਸਰੂਪ ਉਹ ਅੰਡਰਵਰਲਡ ਦੀ ਕਾਲੀ ਦੁਨੀਆ ਦਾ ਬਾਦਸ਼ਾਹ ਬਣ ਗਿਆ। ਬਚਨ ਸਿੰਘ ਅਮਰੀਕਨਾਂ ਦੀ ਤੰਗਦਿਲੀ 'ਤੇ ਵਿਅੰਗ ਕਰਦਾ ਹੈ:

> *ਅਮਰੀਕਨ ਭਾਵੇਂ ਆਪਣੇ ਆਪ ਨੂੰ ਖੁੱਲ੍ਹਾ ਸਮਾਜ ਮੰਨਣ ਪਰ ਹੈ ਇਸ ਤੋਂ ਉਲਟ ਉਹ ਬਹੁਤ ਤੰਗਦਿਲ ਹਨ। ਉਨ੍ਹਾਂ ਦੇ ਦੇਸ਼ ਵਿਚ ਕਿਸੇ ਨਵੇਂ ਵਿਚਾਰ ਦੀ ਥਾਂ ਨਹੀਂ ਹੈ। ਉਹ ਈਸਾਈ ਹਨ ਅਤੇ ਕੇਵਲ ਈਸਾਈ। ਕਿਸੇ ਹੋਰ ਧਰਮ ਲਈ ਉਨ੍ਹਾਂ ਦੇ ਦੇਸ਼ ਵਿੱਚ ਸਥਾਨ ਨਹੀਂ। ਬਾਹਰੋਂ ਭਾਵੇਂ ਕਿੰਦਾਂ ਦੇ ਭਾਸ਼ਣ ਝਾੜਨ ਪਰੰਤੂ ਅਸਲ ਵਿੱਚ ਉਨ੍ਹਾਂ ਵਰਗਾ ਤੰਗਦਿਲੀ ਸਮਾਜ ਮੈਂ ਅੱਜ ਤੱਕ ਨਹੀਂ ਸੁਣਿਆ ਅਤੇ ਨਾ ਵੇਖਿਆ।* [10]

ਵਿਸ਼ਵ ਪੱਧਰੀ ਵਰਤਾਰੇ ਦੀ ਗੱਲ ਕਰਦਾ ਨਾਵਲੀ ਬਿਰਤਾਂਤ ਕਾਲਾਬਾਜ਼ਾਰੀ ਮਾਫ਼ੀਆਂ ਨੂੰ ਵੀ ਆਪਣੇ ਕਲੇਵਰ ਵਿੱਚ ਲੈਂਦਾ ਹੈ। ਨਾਵਲ ਦਾ ਮੁੱਖ ਪਾਤਰ ਮੋਰਗਨ ਇਸ ਕਾਲੀ ਦੁਨੀਆ ਦਾ ਬਾਦਸ਼ਾਹ ਸੀ ਜਿਸ ਦੇ ਹੁਕਮ ਨਾਲ ਉਸ ਦੇ ਗੁਰਗੇ ਅਫ਼ੀਮ, ਗਾਂਜਾ ਅਤੇ ਕੋਕੀਨ ਆਦਿ ਵੇਚਦੇ ਸਨ। ਮੋਰਗਨ ਦੀ ਹੋਰਨਾਂ ਮਾਫ਼ੀਆਂ ਧਿਰਾਂ ਨਾਲ ਜ਼ੋਰਾਂ ਦੀ ਜੰਗ ਲੱਗੀ ਰਹਿੰਦੀ ਪਰ ਜਿੱਤ ਹਮੇਸ਼ਾ ਮੋਰਗਨ ਦੀ ਹੁੰਦੀ ਕਿਉਂਕਿ ਉਸ ਦੇ ਕਾਮੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਉਸ ਦੀ ਹਿਫ਼ਾਜ਼ਤ ਕਰਦੇ ਸਨ। ਮੋਰਗਨ ਨੇ ਜਦੋਂ ਅਪਰਾਧ ਦੀ ਦੁਨੀਆ ਵਿਚ ਪੈਰ ਰੱਖਿਆ ਤਾਂ ਉਸ ਵੇਲੇ ਇਟਲੀ ਦੇ ਸੱਤ ਘਰਾਣਿਆਂ ਦਾ ਰਾਜ ਸੀ। ਸੱਤੇ ਘਰਾਣੇ ਆਪਣੇ-ਆਪਣੇ ਮੁਖੀਆਂ ਨਾਲ ਜੁੜ ਧੰਧਾਂ ਕਰਦੇ ਅਤੇ ਮੁਸੀਬਤ ਪੈਣ ਸਮੇਂ ਇੱਕ-ਦੂਜੇ ਦਾ ਸਾਥ ਦਿੰਦੇ ਸਨ। ਹਰ ਘਰਾਣੇ ਨੇ ਆਪਣਾ ਇੱਕ ਧੰਦਾ ਪਕੜਿਆ ਹੋਇਆ ਸੀ ਉਹ ਦੂਸਰੇ ਦੇ ਧੰਦੇ ਵਿਚ ਲੱਤ ਨਹੀਂ ਅੜਾਉਂਦੇ ਕੇਵਲ ਆਪਣੇ ਧੰਦੇ ਉੱਪਰ ਧਿਆਨ ਕੇਂਦਰਿਤ ਕਰਦੇ। ਕਈ ਵਾਰ ਇਹ ਮਾਫ਼ੀਆਂ ਸਮੂਹ ਆਪਸ ਵਿਚ ਟਕਰਾ ਜਾਂਦੇ ਤਾਂ ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਹੁੰਦਾ। ਮੋਰਗਨ ਅਤੇ ਹੋਰਨਾਂ ਮਾਫ਼ੀਆ ਦੇ ਆਪਸੀ ਬਹਿਸ ਸਮੇਂ ਇੱਕ ਵਾਰ ਅਜਿਹਾ ਹੋਇਆ:

> *ਆਪਣੇ ਦੁਆਲੇ ਖ਼ਤਰੇ ਨੂੰ ਭਾਂਪ ਕੇ ਮੋਰਗਨ ਨੇ ਆਪਣੇ ਖ਼ਾਸ ਦਲਾਂ ਨੂੰ ਹਰੀ ਝੰਡੀ ਦੇ ਦਿੱਤੀ। ਫਿਰ ਕੀ ਸੀ, ਹਰ ਰੋਜ਼ ਮਾਫ਼ੀਆ ਦਲਾਂ ਦਾ ਕਾਲਾ ਮਾਲ ਮੋਰਗਨ ਦੇ ਆਦਮੀਆਂ ਦੇ ਕਬਜ਼ੇ ਵਿੱਚ ਹੋਣ ਲੱਗਾ ਅਤੇ ਮਾਫ਼ੀਆ ਨੂੰ ਜਿਸਮਾਨੀ ਨੁਕਸਾਨ ਵੀ ਭਰਨਾ ਪਿਆ। ਮੋਰਗਨ ਦੇ ਕਾਮਿਆਂ ਦੀ ਗਿਣਤੀ ਮਾਫ਼ੀਆ ਦਲਾਂ ਨਾਲੋਂ ਕਈ ਗੁਣਾ ਜ਼ਿਆਦਾ ਸੀ ਅਤੇ ਸਿਖਲਾਈ ਵੀ ਉਨ੍ਹਾਂ ਨਾਲੋਂ ਘੱਟ ਨਹੀਂ ਸੀ।....ਮੋਰਗਨ ਦੇ ਕਾਮੇ ਕੇਵਲ ਲਕਸ਼ ਲਈ ਮਰਨ ਨੂੰ ਤਿਆਰ ਸਨ, ਜਦੋਂ ਕਿ ਮਾਫ਼ੀਆ ਦੇ ਹਥਿਆਰੇ ਕੇਵਲ ਪੈਸੇ ਖ਼ਾਤਰ ਮਾਰਦੇ ਸਨ।....* [11]

ਨਾਵਲ ਦਾ ਕੇਂਦਰੀ ਪਾਤਰ ਆਤਮ ਬਚਨ ਸਿੰਘ ਦੇ ਕਹਿਣ 'ਤੇ ਸ਼ੀਸਨ ਨਾਲ ਅਮਰੀਕਾ ਮੋਰਗਨ ਕੋਲ ਚਲਾ ਗਿਆ ਜਿੱਥੇ ਉਸ ਨੇ ਮੋਰਗਨ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕੀਤਾ ਅਤੇ ਅਪਰਾਧ ਦੀ ਦੁਨੀਆ ਦੇ ਵੱਡੇ ਨਾਂ ਨੈਸ਼ਟੀ ਹੈਨਰੀ ਦਾ ਕਤਲ ਕੀਤਾ। ਮੋਰਗਨ ਕੋਲੋਂ ਸਿੱਖਿਆ ਪ੍ਰਾਪਤ ਕਰਕੇ ਉਹ ਭਾਰਤੀ ਪੂੰਜੀਪਤੀਆਂ ਨੂੰ ਆਪਣੇ ਨਿਸ਼ਾਨੇ 'ਤੇ ਲੈਂਦਾ ਅਤੇ ਗ਼ਰੀਬ ਮਜ਼ਦੂਰਾਂ ਲਈ ਆਪਣੇ ਕਾਰਜ ਦੀ ਸਿੱਧੀ ਕਰਦਾ ਹੋਇਆ ਉਨ੍ਹਾਂ ਦਾ ਜੀਵਨ ਸੁਖਾਵਾਂ ਬਣਾਉਂਦਾ। ਜਿਵੇਂ ਮੋਰਗਨ ਦਾ ਉਦੇਸ਼ ਆਪਣੇ ਕਬੀਲੇ ਨੂੰ ਨਸਲੀ ਵਿਤਕਰੇ ਤੋਂ ਬਚਾਉਣਾ ਸੀ ਉਸੇ ਤਰ੍ਹਾਂ ਆਤਮ ਕਾਮੇ-ਵਰਗ ਨੂੰ ਸ਼ੋਸ਼ਿਤ ਹੋਣ ਤੋਂ ਬਚਾਉਣ ਲਈ ਆਪਣਾ ਸੰਪੂਰਨ ਜੀਵਨ ਲਗਾਉਂਦਾ ਹੈ। ਇਹ ਦੋਵੇਂ ਪਾਤਰ ਵੱਖ-ਵੱਖ ਮੁਲਕਾਂ ਵਿੱਚ ਰਹਿ ਕੇ ਵੀ ਸ਼ੋਸ਼ਣ ਵਿਰੁੱਧ ਲੜਨ ਵਾਲੀ ਇੱਕੋ ਕ੍ਰਾਂਤੀਕਾਰੀ ਚੇਤਨਾ ਦੀ ਨੁਮਾਇੰਦਗੀ ਕਰਦੇ ਹਨ। ਪੱਛਮੀ ਮੁਲਕਾਂ ਵਿੱਚ ਗੋਰਿਆਂ ਦੁਆਰਾ ਅਫ਼ਰੀਕਨ ਲੋਕਾਂ ਉੱਪਰ ਹੁੰਦੇ ਨਸਲ-ਭੇਦ ਨੂੰ ਖ਼ਤਮ ਕਰਨ ਲਈ ਮੋਰਗਨ ਆਪਣੀ ਆਵਾਜ਼ ਬੁਲੰਦ ਕਰਦਾ ਆਖਦਾ ਹੈ:

> *ਜਦੋਂ ਇਸ ਮੁਲਕ ਵਿੱਚ ਵੱਖ-ਵੱਖ ਦੇਸ਼ਾਂ ਵਿਚੋਂ ਆਏ ਆਮ ਵਸਨੀਕਾਂ ਨੂੰ ਹੁਣ ਕੇਵਲ ਅਮਰੀਕਨ ਆਖਿਆ ਜਾਂਦਾ ਹੈ ਤਾਂ ਸਾਨੂੰ ਨੀਗਰੋ ਕਿਉਂ ? ਅਸੀਂ ਆਪਣੀ ਬਰਾਬਰੀ ਦੇ ਹੱਕਾਂ ਲਈ ਅਵਾਜ਼ ਉਠਾਉਣਾ ਚਾਹੁੰਦੇ ਹਾਂ। ਅਸੀਂ ਵੀ ਬਾਕੀਆਂ ਵਾਂਗ ਇਸ ਦੇਸ਼ ਦੇ ਨਾਗਰਿਕ ਬਣਨਾ ਚਾਹੁੰਦੇ ਹਾਂ। ਅਸੀਂ ਕਾਲੇ ਨੀਗਰੋ ਤੋਂ ਕੇਵਲ ਅਮਰੀਕਨ ਬਣਨਾ ਚਾਹੁੰਦੇ ਹਾਂ। ਇਸ ਦੇਸ਼ ਦੇ ਨਾਗਰਿਕ ਹੁੰਦਿਆਂ ਹੋਇਆਂ ਵੀ ਅਸੀਂ ਹੋਰਨਾਂ ਵਾਂਗ ਨਾਗਰਿਕ ਨਹੀਂ। ਸਾਡੀ ਕੇਵਲ ਇਤਨੀ ਹੀ ਲੜਾਈ ਹੈ।* [12]

ਨਾਵਲੀ ਬਿਰਤਾਂਤ ਮਾਰਕਸਵਾਦੀ ਵਿਚਾਰਧਾਰਾ ਦਾ ਵਿਹਾਰਕ ਸਰੂਪ ਪੇਸ਼ ਕਰਦਾ ਹੈ। ਜਿਸ ਕਾਰਨ ਨਾਵਲੀ-ਬਿਰਤਾਂਤ ਦਾ ਸਮਾਜਿਕ ਪਸਾਰਾ ਬਹੁ-ਦਿਸ਼ਾਵੀ ਅਤੇ ਬਹੁ-ਪਸਾਰੀ ਹੋ ਨਿੱਬੜਦਾ ਹੈ। ਪੰਜਾਬ, ਭਾਰਤ ਅਤੇ ਵਿਸ਼ਵੀ ਵਰਤਾਰੇ ਨਾਲ ਨਾਵਲ ਇੱਕ ਸਾਂਝੇ ਉਦੇਸ਼ ਅਤੇ ਲੜੀ ਨਾਲ ਜੁੜਿਆ ਹੈ। ਨਾਵਲਕਾਰ ਨੇ ਸਥਾਨਕ ਮਸਲਿਆਂ ਨੂੰ ਅੰਤਰਰਾਸ਼ਟਰੀ ਜਮਾਤੀ ਸੰਘਰਸ਼ ਨਾਲ ਜੋੜ ਕੇ ਨਾਵਲ ਦੇ ਕੈਨਵਸ ਨੂੰ ਬਹੁਤ ਵਿਸ਼ਾਲ ਬਣਾ ਦਿੱਤਾ ਹੈ। ਨਾਵਲੀ ਬਿਰਤਾਂਤ ਅੰਦਰ ਕਾਮੇ-ਵਰਗ ਦਾ ਦੁਖਾਂਤ, ਔਰਤ ਦੀ ਸਥਿਤੀ, ਰਾਜਸੀ ਅਫ਼ਸਰਸ਼ਾਹੀ ਦੀ ਭ੍ਰਿਸ਼ਟਤਾ, ਕਾਲਾਬਾਜ਼ਾਰੀ, ਅੰਡਰਵਰਲਡ ਮਾਫ਼ੀਆ, ਨਸਲੀ ਰੰਗ-ਭੇਦ, ਕ੍ਰਾਂਤੀਕਾਰੀ-ਜੀਵਨ, ਨਾਜਾਇਜ਼ ਔਲਾਦ ਦੀ ਪਰਵਰਿਸ਼, ਪੱਛਮੀ ਸਮਾਜ ਦਾ ਪ੍ਰਭਾਵ, ਗ਼ਰੀਬੀ, ਸਿੱਖਿਆ ਵਿਵਸਥਾ, ਸਿਹਤ ਵਿਵਸਥਾ, ਕਬੀਲਾ ਸਮਾਜ, ਦੇਸ਼ ਪ੍ਰੇਮ, ਭਾਰਤ ਦੀ ਵੰਡ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਪੇਸ਼ ਕੀਤਾ ਹੈ। ਨਾਵਲਕਾਰ ਵਿਸ਼ਾਲ ਨਾਵਲੀ ਕੈਨਵਸ ਰਾਹੀਂ ਅਮੀਰ ਅਤੇ ਗ਼ਰੀਬ ਵਿਚਕਾਰਲੇ ਭੇਦ ਨੂੰ ਸਪੱਸ਼ਟ ਕਰਦਾ ਹੈ। ਇਹ ਨਾਵਲ ਭਾਰਤੀ ਆਰਥਿਕ ਪਾੜੇ ਦੀ ਤ੍ਰਾਸਦਿਕ ਸਥਿਤੀ ਨੂੰ ਵਿਸ਼ਵ ਭਰ ਦੇ ਆਰਥਿਕ ਅਤੇ ਰਾਜਸੀ ਵਰਤਾਰੇ ਦੇ ਹਵਾਲੇ ਨਾਲ ਉਜਾਗਰ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਈ. ਐਮ. ਫਾਰਸਟਰ. ਆਸਪੈਕਟ ਆਫ਼ ਦੀ ਨਾਵਲ. ਹਾਰਕੋਰਟ ਬ੍ਰੇਸ ਐਂਡ ਕੰਪਨੀ, ਨਿਊਯਾਰਕ, 1927. ਪੰਨਾ: 15.*
2. *ਰਾਹੀ, ਜੋਗਿੰਦਰ ਸਿੰਘ. ਮਸਲੇ ਗਲਪ ਦੇ. ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2014. ਪੰਨਾ: 10*
3. *ਬਿਬਰਾ, ਰਾਜਿੰਦਰ. ਨੌਂ ਮਣ ਲੱਕੜਾਂ. ਅੰਗਦ ਪਬਲੀਕੇਸ਼ਨਜ਼, ਜਲੰਧਰ, 1993. ਪੰਨਾ: ਨੌ*
4. *ਉਹੀ, ਪੰਨਾ: 128.*
5. *ਉਹੀ, ਪੰਨਾ: 27.*
6. *ਉਹੀ, ਪੰਨਾ: 47.*
7. *ਉਹੀ, ਪੰਨਾ: 136.*
8. *ਉਹੀ, ਪੰਨਾ: 128.*
9. *ਉਹੀ, ਪੰਨਾ: 107.*
10. *ਉਹੀ, ਪੰਨਾ: 125.*
11. *ਉਹੀ, ਪੰਨਾ: 175.*
12. *ਉਹੀ, ਪੰਨਾ: 178.*



## *Cite this Article-*

*ਰਾਣੀ ਦੇਵੀ (Rani Devi), ਬੁਰਜੁਆਜ਼ੀ ਅਤੇ ਪ੍ਰੋਲੇਤਾਰੀ ਸਮਾਜ ਦੇ ਸੰਘਰਸ਼ ਦੀ ਦਾਸਤਾਂ: 'ਨੌਂ ਮਣ ਲੱਕੜਾਂ' (Burjuazi ate Proletari Samaj de Sangharsh di Dastaan: 'Nau Man Lakkran'), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 28-32.*

*Journal URL: www.armaan.org.in*

*DOI: https://doi.org/10.64119/armaan.vol.4.issue3.06*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/